# PC–10131/NK

**Q–2/2111**

## ਪੰਜਾਬੀ ਸਾਹਿਤ ਦਾ ਇਤਿਹਾਸ–I

(Paper–1010, PBIM 1101T)

(Semester–I)

(Regular & Distance Education)

Time : Three Hours] [Maximum Marks : 60

**ਭਾਗ–ੳ–1**

I. ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਆਮ ਕਰਕੇ ਕਿਹੜੇ-ਕਿਹੜੇ ਕਾਲ ਬਣਾਏ ਜਾਂਦੇ ਹਨ? ਸਪਸ਼ਟ ਕਰੋ।

**ਜਾਂ**

II. ਇਤਿਹਾਸ ਅਤੇ ਸਾਹਿਤ ਦੇ ਅੰਤਰ ਸਬੰਧਾਂ ਦਾ ਅਧਿਐਨ ਕਰਦੇ ਹੋਏ ਦੱਸੋ ਸਾਹਿਤ ਦੀ ਇਤਿਹਾਸਕਾਰੀ ਕਿਉਂ ਜ਼ਰੂਰੀ ਹੈ?

**ਭਾਗ–ੳ–2**

III. ਆਦਿ ਕਾਲੀਨ ਪੰਜਾਬੀ ਸਾਹਿਤ ਦੇ ਰਾਜਸੀ, ਸਮਾਜਿਕ ਅਤੇ ਭਾਸ਼ਾਈ ਪ੍ਰਸੰਗਾਂ ਬਾਰੇ ਜਾਣਕਾਰੀ ਦਿਓ।

**ਜਾਂ**

IV. ਮੱਧਕਾਲੀ ਪੰਜਾਬੀ ਸਾਹਿਤ ਦੀਆਂ ਮੁੱਖ ਧਾਰਾਵਾਂ ਸਬੰਧੀ ਜਾਣਕਾਰੀ ਦਿਓ।

## ਭਾਗ–ਅ–1

V. ਗੁਰੂ ਨਾਨਕ ਕਾਲ ਨੂੰ ਪੰਜਾਬੀ ਸਾਹਿਤ ਦਾ ਸੁਨਹਿਰੀ ਯੁੱਗ ਕਿਉਂ ਕਿਹਾ ਜਾਂਦਾ ਹੈ?

**ਜਾਂ**

VI. ਪੰਜਾਬ ਸੂਫ਼ੀ ਕਾਵਿ ਧਾਰਾ ਦੇ ਇਤਿਹਾਸਕ ਵਿਕਾਸ ਨੂੰ ਉਲੀਕੋ।

## ਭਾਗ–ਅ–2

VII. ਮੱਧ ਕਾਲ ਦੇ ਬੀਰ ਕਾਲ ਦੀ ਰਾਜਨੀਤਕ ਅਤੇ ਸੱਭਿਆਚਾਰਕ ਮਹੱਤਤਾ ਉਪਰ ਨੋਟ ਲਿਖੋ।

**ਜਾਂ**

VIII. ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਾਹਿਤਕ ਅਤੇ ਸੱਭਿਆਚਾਰਕ ਵਿਸ਼ੇਸ਼ਤਾਵਾਂ ਉਪਰ ਆਪਣੇ ਵਿਚਾਰ ਦਿਓ। $4 \times 9 = 36$

## ਭਾਗ–ੲ

IX. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. ਆਦਿ ਕਾਲ ਦੇ ਨਾਥ ਸਾਹਿਤ ਵਿਚੋਂ ਚਾਰ ਕਵੀਆਂ ਦੇ ਨਾਂ ਲਿਖੋ।
2. ਬਾਬਾ ਫਰੀਦ ਅਤੇ ਸ਼ਾਹ ਹੁਸੈਨ ਦੇ ਕਾਲ ਦਰਮਿਆਨ ਦੇ ਦੋ ਸੂਫ਼ੀ ਕਵੀ ਦੱਸੋ।
3. ਆਦਿ ਕਾਲ ਦੀਆਂ ਬੀਰ ਰਸੀ ਵਾਰਾਂ ਵਿਚੋਂ ਚਾਰ ਦਾ ਜ਼ਿਕਰ ਕਰੋ।
4. ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੰਨੇ ਰਾਗਾਂ ਵਿਚ ਬਾਣੀ ਦਰਜ ਹੈ? ਕੋਈ ਚਾਰ ਰਾਗ ਦੱਸੋ।

5. ਗੁਰੂ ਨਾਨਕ ਦੇਵ ਜੀ ਦੀ ਬਾਣੀ ਕਿੰਨੇ ਰਾਗਾਂ ਵਿਚ ਆਦਿ ਗ੍ਰੰਥ ਵਿਚ ਦਰਜ ਹੈ?

6. ਆਦਿ ਗ੍ਰੰਥ ਵਿਚ ਸ਼ੇਖ ਫਰੀਦ ਦੇ ਕਿੰਨੇ ਸ਼ਬਦ ਕਿਹੜੇ ਰਾਗਾਂ ਵਿਚ ਹਨ?

7. ਪੰਜਾਬੀ ਦੇ ਪਹਿਲੇ ਕਿੱਸਾਕਾਰ ਦਾ ਨਾਂ ਦੱਸੋ ਅਤੇ ਉਸ ਨੇ ਕਿਹੜਾ ਕਿੱਸਾ ਲਿਖਿਆ?

8. ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸਿੱਖਾਂ ਦੀ ਭਗਤਮਾਲ ਕਿਸ ਨੂੰ ਕਿਹਾ ਜਾਂਦਾ ਹੈ?

9. ਮੱਧਕਾਲ ਵਿਚ ਕਿਹੜੇ-ਕਿਹੜੇ ਵਾਰਤਕ ਰੂਪਾਂ ਵਿਚ ਰਚਨਾ ਹੋਈ?

10. ਗੁਰਮਤਿ ਅਤੇ ਸੂਫ਼ੀ ਕਲਾਮ ਵਿਚ ਮੂਲ ਸਾਂਝ ਅਤੇ ਵਖਰੇਵਿਆਂ ਬਾਰੇ ਸੰਖੇਪ ਵਿਚ ਦੱਸੋ।

11. ਚਾਰ ਸੂਫ਼ੀ ਸੰਪਰਦਾਵਾਂ ਦੇ ਨਾਂ ਲਿਖੋ।

12. ਚੰਡੀ ਦੀ ਵਾਰ ਦੇ ਛੰਦ ਅਤੇ ਉਸ ਛੰਦ ਦੀ ਵਿਸ਼ੇਸ਼ਤਾ ਬਾਰੇ ਗੱਲ ਕਰੋ। $12 \times 2 = 24$

---